ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030325
Available online at: www.armaan.org.in
DOI: https://doi.org/10.64119/armaan.vol.3.issue3.25

# ਸੋਸ਼ਲ ਮੀਡੀਆ ਅਤੇ ਸਵੈ-ਕੇਂਦਰਿਤ ਬਿਰਤੀ: ਦਸ਼ਾ ਅਤੇ ਦਿਸ਼ਾ

## SOCIAL MEDIA ATE SVAI-KENDRIT BIRTI: DASHA TE DISHA

**ਡਾ. ਨਵਨੀਤ ਕੌਰ** (Navneet Kaur)
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)
**ਐਨਸੀਵੈਬ, ਦਿੱਲੀ ਯੂਨੀਵਰਸਿਟੀ, ਦਿੱਲੀ**
Email ID: office.kaur06@gmail.com **ਮੋਬਾਈਲ:** +91-85273-13813

**ਸਾਰ (Abstract)**

*ਅਜੋਕਾ ਸਮਾਜ ਤਣਾਅ, ਚਿੰਤਾ, ਅਸੰਤੁਸ਼ਟੀ ਅਤੇ ਨਕਾਰਾਤਮਕ ਭਾਵਨਾਵਾਂ ਨਾਲ ਗ੍ਰਸਤ ਹੈ। ਇਹ ਖੋਜ-ਪੱਤਰ ਇਸ ਸਮੱਸਿਆ ਦੇ ਮੂਲ ਕਾਰਨਾਂ ਦੀ ਪੜਚੋਲ ਕਰਦਾ ਹੈ, ਜਿਸ ਵਿੱਚ ਸੋਸ਼ਲ ਮੀਡੀਆ, ਤਕਨੀਕ ਅਤੇ ਪੂੰਜੀਵਾਦੀ ਪਦਾਰਥਵਾਦ ਦੀ ਵੱਧ ਰਹੀ ਭੂਮਿਕਾ ਨੂੰ ਮੁੱਖ ਤੌਰ 'ਤੇ ਜ਼ਿੰਮੇਵਾਰ ਮੰਨਿਆ ਗਿਆ ਹੈ। ਇਹਨਾਂ ਪ੍ਰਭਾਵਾਂ ਹੇਠ ਮਨੁੱਖ ਸਵੈ-ਕੇਂਦਰਿਤ ਹੋ ਰਿਹਾ ਹੈ ਅਤੇ ਸਮਾਜ ਇੱਕ 'ਕਲਪਿਤ ਯਥਾਰਥ' ਵਿੱਚ ਜੀਅ ਰਿਹਾ ਹੈ, ਜਿਸ ਨਾਲ ਸਾਂਝੀ ਚੇਤਨਾ, ਕਰੁਣਾ ਅਤੇ ਆਪਸੀ ਸਹਿਯੋਗ ਵਰਗੇ ਮਾਨਵੀ ਗੁਣ ਖ਼ਤਮ ਹੋ ਰਹੇ ਹਨ। ਇਸ ਪੱਤਰ ਵਿੱਚ ਇਸ ਸਥਿਤੀ ਦੇ ਹੱਲ ਵਜੋਂ ਸਦਭਾਵਨਾ ਅਤੇ ਭਾਈਚਾਰਕ ਸਾਂਝ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਇਹ ਦਲੀਲ ਦਿੱਤੀ ਗਈ ਹੈ ਕਿ ਸਦਭਾਵਨਾ ਨਿੱਜੀ ਪੱਧਰ 'ਤੇ ਨਕਾਰਾਤਮਕਤਾ ਨੂੰ ਦੂਰ ਕਰਦੀ ਹੈ ਅਤੇ ਭਾਈਚਾਰਾ ਸਮੂਹਿਕ ਏਕਤਾ ਅਤੇ ਸਹਿਯੋਗ ਨੂੰ ਜਨਮ ਦਿੰਦਾ ਹੈ। ਇਹ ਦੋਵੇਂ ਗੁਣ ਨਾ ਸਿਰਫ਼ ਵਿਅਕਤੀਗਤ ਜੀਵਨ ਨੂੰ ਸਾਰਥਕ ਬਣਾਉਂਦੇ ਹਨ, ਸਗੋਂ ਇੱਕ ਸ਼ਾਂਤੀਪੂਰਨ, ਖੁਸ਼ਹਾਲ ਅਤੇ ਤਰੱਕੀਸ਼ੀਲ ਸਮਾਜ ਦੀ ਸਿਰਜਣਾ ਲਈ ਵੀ ਲਾਜ਼ਮੀ ਹਨ। ਅੰਤ ਵਿੱਚ, ਇਹ ਸਿੱਟਾ ਕੱਢਿਆ ਗਿਆ ਹੈ ਕਿ ਪਦਾਰਥਵਾਦੀ ਯੁੱਗ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਹਨਾਂ ਨੈਤਿਕ ਕਦਰਾਂ-ਕੀਮਤਾਂ ਨੂੰ ਮੁੜ ਸੁਰਜੀਤ ਕਰਨਾ ਅਤੇ ਅਮਲ ਵਿੱਚ ਲਿਆਉਣਾ ਸਮੇਂ ਦੀ ਮੁੱਖ ਲੋੜ ਹੈ।*

***ਕੀਵਰਡ (Keyword): ਸੋਸ਼ਲ ਮੀਡੀਆ, ਸਵੈ-ਕੇਂਦਰਿਤ, ਕਲਪਿਤ ਯਥਾਰਥ, ਸਦਭਾਵਨਾ, ਭਾਈਚਾਰਕ ਸਾਂਝ, ਨੈਤਿਕ ਮੁੱਲ, ਤਕਨੀਕ, ਪਦਾਰਥਵਾਦ।***

ਸਮਕਾਲੀ ਸਮਾਜ ਦੇ ਚੌਗਿਰਦੇ ਵਿੱਚ ਦੁੱਖ, ਘਬਰਾਹਟ, ਅਸੰਤੁਸ਼ਟੀ, ਈਰਖਾ, ਦਵੇਸ਼, ਨਮੋਸ਼ੀ ਆਦਿ ਦਾ ਪਸਾਰਾ ਨਜ਼ਰ ਆਉਂਦਾ ਹੈ। ਇਹ ਪ੍ਰਵਿਰਤੀਆਂ ਭਾਵੇਂ ਭੌਤਿਕ ਤੌਰ'ਤੇ ਨਜ਼ਰ ਨਹੀਂ ਆਉਂਦੀਆਂ ਪਰ ਮਨੁੱਖ ਹਰ ਵੇਲੇ ਇਹਨਾਂ ਦੇ ਪ੍ਰਭਾਵ ਹੇਠ ਰਹਿ ਕੇ ਆਪਣੀ ਕਿਰਿਆ-ਪ੍ਰਤੀਕਿਰਿਆ ਕਰ ਰਿਹਾ ਹੈ। ਤਣਾਅ ਸਮਾਜ ਦੇ ਬੁਨਿਆਦੀ ਢਾਂਚੇ ਦਾ ਭਾਗ ਬਣਦਾ ਜਾ ਰਿਹਾ ਹੈ। ਵਪਾਰ, ਨੌਕਰੀ, ਸਿੱਖਿਆ, ਚਿਕਿਤਸਾ, ਘਰੇਲੂ ਰਿਸ਼ਤੇ ਆਦਿ ਹਰੇਕ ਖੇਤਰ ਵਿੱਚ ਹਰ ਉਮਰ ਦਾ ਮਨੁੱਖ ਇਸ ਨਾਲ ਹੀ ਜੂਝਦਾ ਦਿੱਸਦਾ ਹੈ। ਅਜਿਹੀ ਸਥਿਤੀ ਸਮੱਸਿਆ ਦੇ ਕਾਰਣ ਨੂੰ ਵਾਚਣ ਅਤੇ ਸੰਭਾਵਿਤ ਹੱਲ ਲੱਭਣ ਲਈ ਲੋੜੀਂਦੀ ਸਮਝ ਬਣਾਉਣ ਵੱਲ ਪ੍ਰੇਰਿਤ ਕਰਦੀ ਹੈ। ਜੇਕਰ ਸਮੱਸਿਆ ਮਾਨਸਿਕ ਅਤੇ ਅਭੌਤਿਕ ਹੈ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸਦਾ ਹੱਲ ਵੀ ਵਿਚਾਰਧਾਰਕ ਪੱਧਰ ਉੱਤੇ ਸਪਸ਼ਟਤਾ ਪ੍ਰਾਪਤ ਕਰਦਿਆਂ ਆਪਣੇ ਕਾਰ-ਵਿਹਾਰ ਦੀ ਦਿਸ਼ਾ ਨਿਰਧਾਰਤ ਕਰਨ ਵਿੱਚ ਹੀ ਹੈ। ਮਨੁੱਖ ਇੱਕ ਸਮਾਜਕ ਪ੍ਰਾਣੀ ਹੈ ਅਤੇ ਸਮਾਜ ਵਿੱਚ ਵਿਚਰਨ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਉਹ ਕੁਝ ਵਿਸ਼ੇਸ਼ ਤਰ੍ਹਾਂ ਦੇ ਨੇਮਾਂ ਅਤੇ ਗੁਣਾਂ ਨੂੰ ਧਾਰਨ ਕਰੇ ਤਾਂ ਜੋ ਸੁਖੀ ਜੀਵਨ ਦੀ ਠੋਸ ਬੁਨਿਆਦ ਕਾਇਮ ਹੋ ਸਕੇ। ਮਨੁੱਖ ਨੂੰ ਇਨ੍ਹਾਂ ਗੁਣਾਂ ਦੀ ਲੋੜ ਨਿਰੰਤਰਤਾ ਦੇ ਵਿੱਚ ਹੀ ਪੈਂਦੀ ਹੈ ਜਿਸ ਲਈ ਉਸ ਦੀਆਂ ਮਨੋਬਿਰਤੀਆਂ ਵੀ ਭੂਮਿਕਾ ਨਿਭਾਉਂਦੀਆਂ ਹਨ।

### ਸਮਕਾਲੀ ਸਮਾਜ ਦੀ ਸਮੱਸਿਆਗ੍ਰਸਤ ਪਰਿਸਥਿਤੀ ਅਤੇ ਉਸਦੇ ਕਾਰਣ -

ਮਨੁੱਖ ਦੇ ਅੰਤਰਮਨ ਦੀ ਇਸ ਅਵਸਥਾ ਉੱਤੇ ਪ੍ਰਭਾਵ ਪਾਉਣ ਵਾਲੇ ਕਈ ਕਾਰਕ ਹਨ। ਇੱਕੀਵੀਂ ਸਦੀ ਦਾ ਸਮਾਜ ਸਕ੍ਰੀਨ, ਇੰਟਰਨੈਟ, ਪਦਾਰਥ, ਪੂੰਜੀ

ਅਤੇ ਤਕਨੀਕ ਦਾ ਮੁਥਾਜ ਹੈ। ਇਸ ਮੁਥਾਜੀ ਦੇ ਫਲਸਰੂਪ ਮਨੁੱਖ ਸਵੈ-ਕੇਂਦਰਿਤ ਬਣਿਆ ਹੈ। ਪੂੰਜੀਵਾਦੀ ਆਰਥਿਕ ਵਿਵਸਥਾ ਦੀ ਪਦਾਰਥ-ਕੇਂਦਰਿਤ ਜੀਵਨ-ਦ੍ਰਿਸ਼ਟੀ ਨੇ ਮਨੁੱਖ ਦੀਆਂ ਲੋੜ੍ਹਾਂ ਨੂੰ ਪਹਿਲਾਂ ਤਾਂ ਵਧਾਇਆ ਹੈ ਅਤੇ ਫੇਰ ਇਹਨਾਂ ਲੋੜ੍ਹਾਂ ਦੀ ਪੂਰਤੀ ਲਈ ਧਨ ਇਕੱਤਰਿਤ ਕਰਨਾ ਹੀ ਜੀਵਨ ਦਾ ਇੱਕੋ-ਇੱਕ ਉਦੇਸ਼ ਸਿਰਜਿਆ ਹੈ। ਇਸ ਤਰ੍ਹਾਂ ਆਪਣੀ ਸਵੈ-ਕੇਂਦਰਿਤ ਸੋਚ ਕਾਰਣ ਮਨੁੱਖ ਨੇ ਆਪਣੇ ਆਪ ਨੂੰ ਇੱਕ ਖੁੱਡ ਵਿੱਚ ਪਾ ਲਿਆ ਹੈ - ਪਦਾਰਥ ਅਤੇ ਤਕਨੀਕ ਦੀ ਖੁੱਡ। ਅੱਗੇ ਸਾਂਝੇ ਪਰਿਵਾਰਾਂ ਦੇ ਮੇਲ-ਜੋਲ ਵਿੱਚੋਂ ਉਸਦੀ ਜੀਵਨ ਪ੍ਰਤੀ ਸਮਝ ਬਣਦੀ ਸੀ ਅਤੇ ਉਸੇ ਦੁਆਲੇ ਉਸਦਾ ਸਾਰਾ ਜੀਵਨ ਬਤੀਤ ਹੁੰਦਾ ਸੀ। ਇਸੇ ਪ੍ਰਕਿਰਿਆ ਵਿੱਚ ਉਹ ਸਾਰੇ ਸਮਾਜਕ ਨੇਮਾਂ ਅਤੇ ਗੁਣਾਂ ਨੂੰ ਧਾਰਣ ਵੀ ਕਰਦਾ ਸੀ। ਪਰ ਅਜੋਕੇ ਸਮੇਂ ਇੰਟਰਨੈਟ ਦੀ ਉਪਜ ਨੇ ਸਮੁੱਚੇ ਸੰਸਾਰ ਦੇ ਸਮਾਜਕ ਕਾਰ-ਵਿਹਾਰ ਨੂੰ ਪੂਰੀ ਤਰ੍ਹਾਂ ਤਬਦੀਲ ਕਰ ਦਿੱਤਾ ਹੈ। ਇਸਨੇ ਸਮਾਜ ਨੂੰ ਇੱਕ 'ਕਲਪਿਤ ਯਥਾਰਥ' ਵਿੱਚ ਬਦਲ ਦਿੱਤਾ ਹੈ ਜਿਸ ਵਿੱਚ ਮਨੁੱਖ ਦੇ ਭਾਵਾਂ ਤੇ ਵਿਚਾਰਾਂ ਦੀ ਉਤਪੱਤੀ ਅਤੇ ਅਭਿਵਿਅਕਤੀ ਕਲਪਨਾ ਤੱਕ ਹੀ ਸੀਮਤ ਹੁੰਦੀ ਜਾ ਰਹੀ ਹੈ। ਅਸਲ ਜਾਂ ਯਥਾਰਥਕ ਪਰਿਸਥਿਤੀ ਵਿੱਚ ਭਾਵਾਂ ਦਾ ਹਜੂਮ ਅਤੇ ਉਸਦੇ ਨਿਯੰਤਰਣ ਦਾ ਕੋਈ ਅਨੁਭਵ ਮਨੁੱਖ ਨੂੰ ਨਹੀਂ ਮਿਲ ਰਿਹਾ।

> *"ਇਸ ਤਕਨੀਕ ਆਧਾਰਿਤ ਯਥਾਰਥ ਦੇ ਸੰਕਲਪ ਦਾ ਜੀਵਨ ਦੇ ਕਈ ਅਮਲੀ ਕਾਰ-ਵਿਹਾਰਾਂ ਵਿਚ ਲਾਭਦਾਇਕ ਯੋਗਦਾਨ ਵੀ ਹੈ ਅਤੇ ਦੂਜੇ ਪਾਸੇ ਇਸ ਦੀ ਸ਼ਿਕਾਰ ਯੁਵਾ ਪੀੜੀ ਦੇ ਸਮਾਜੀਕਰਣ ਦੇ ਪੱਖ ਉਪਰ ਗੰਭੀਰ ਮਾੜੇ ਪ੍ਰਭਾਵ ਵੀ ਪੈ ਰਹੇ ਹਨ। ਕਾਲਪਨਿਕ ਯਥਾਰਥ ਦੇ ਜਗਤ ਵਿਚ ਅਤੇ ਇਸ ਦੇ ਨਾਲ ਵਿਚਰਣ ਵਾਲੀ ਇਸ ਵਰਤਮਾਨ ਪੀੜੀ ਦੇ ਸਮਾਜਕ ਸਰੋਕਾਰ ਅਤੇ ਉਨ੍ਹਾਂ ਦੀਆਂ ਕਦਰਾਂ ਕੀਮਤਾਂ ਉਪਰ ਬਹੁਤ ਮਾੜਾ ਅਸਰ ਪੈ ਰਿਹਾ ਹੈ। ਇਸ ਪੀੜੀ ਕੋਲ ਕਿਸੇ ਵੀ ਵਸਤੂ ਜਗਤ ਦੇ ਯਥਾਰਥ ਦਾ ਨਿੱਜੀ ਅਤੇ ਇੰਦ੍ਰਿਆਵੀ ਅਨੁਭਵ ਘੱਟਦਾ ਜਾ ਰਿਹਾ ਹੈ। ਟੀ.ਵੀ. ਅਤੇ ਸਿਨੇਮਾ ਵਰਗੇ ਦ੍ਰਿਸ਼-ਸੰਚਾਰ ਸਾਧਨਾਂ ਨੇ ਸਮਾਜਕ ਕਦਰਾਂ ਕੀਮਤਾਂ ਨੂੰ ਬੇਸ਼ਕ ਬਦਲਣ ਦਾ ਉਪਰਾਲਾ ਕੀਤਾ ਹੈ ਪਰ ਫਿਰ ਵੀ ਕਿਸੇ ਹੱਦ ਤਕ ਉਸ ਦਾ ਸੰਬੰਧ ਵਸਤੂ ਜਗਤ ਦੇ ਯਥਾਰਥ ਨਾਲ ਰਹਿੰਦਾ ਹੀ ਹੈ। ਕਿਸੇ ਵੇਲੇ ਦ੍ਰਿਸ਼ ਸੰਚਾਰ ਮਾਧਿਅਮ ਰਾਹੀਂ ਸਮਾਜਕ-ਸਭਿਆਚਾਰਕ ਯਥਾਰਥ ਦੇ ਸਰੋਕਾਰਾਂ ਨੂੰ ਪੇਸ਼ਕਾਰੀ ਦਾ ਵਿਸ਼ਾ ਬਣਾਇਆ ਜਾਂਦਾ ਸੀ ਪਰ ਹੌਲੀ-ਹੌਲੀ ਇਸ ਦੇ ਪ੍ਰਭਾਵ ਦਾ ਅਮਲ ਉਲਟਾ ਹੋ ਗਿਆ।"* [1]

ਮੋਬਾਈਲ / ਸਮਾਰਟ ਫੋਨ ਨੇ ਹਰੇਕ ਅੰਦਰ ਨਿੱਜ ਦੀ ਮਹੱਤਤਾ ਨੂੰ ਸਿਰਜਿਆ ਹੈ ਜਿਸ ਵਿਚਲਾ ਕੈਮਰਾ ਅਤੇ ਸੋਸ਼ਲ ਮੀਡੀਆ ਦੀਆਂ ਐਪਸ ਉਸਨੂੰ ਕੇਵਲ ਸਵੈ-ਪਹਿਰਾਵੇ ਅਤੇ ਦਿੱਖ ਵੱਲ ਕੇਂਦਰਿਤ ਰੱਖਦੇ ਹਨ। ਦੂਜਿਆਂ ਵਿੱਚੋਂ ਵੀ ਉਹ ਕੇਵਲ ਇਸੀ ਬਾਹਰੀ ਦਿੱਖ ਵੱਲ ਹੀ ਆਕਰਸ਼ਿਤ ਹੁੰਦੇ ਹਨ। ਇਸਦੇ ਫਲਸਰੂਪ ਮਨੁੱਖ ਦੀ ਸਮ੍ਰਿਤੀ ਵਿੱਚੋਂ ਆਪਣੇ ਆਲੇ-ਦੁਆਲੇ ਦੀ ਸਾਂਝੀ ਚੇਤਨਾ ਹੀ ਖ਼ਤਮ ਹੁੰਦੀ ਦਿੱਸਦੀ ਹੈ। ਉਦਾਹਰਣ ਵਜੋਂ ਸੜਕ ਉੱਤੇ ਹੋਈ ਦੁਰਘਟਨਾ ਵੇਲੇ ਅੱਜ-ਕੱਲ੍ਹ ਦੇਖਣ ਨੂੰ ਮਿਲਦਾ ਹੈ ਕਿ ਬਹੁਤੇ ਲੋਕ ਦੁਰਘਟਨਾਗ੍ਰਸਤ ਪ੍ਰਾਣੀ ਦੀ ਲੋੜ ਮੁਤਾਬਕ ਮਦਦ ਕਰਨ ਦੀ ਬਜਾਏ ਉਸ ਦ੍ਰਿਸ਼ ਦੀਆਂ ਵੀਡੀਓ ਬਣਾਉਣ ਵੱਲ ਰੁਚਿਤ ਹੁੰਦੇ ਹਨ। ਇਹੋ ਜਿਹੀਆਂ ਘਟਨਾਵਾਂ ਸਵਾਲ ਵੀ ਉਠਾਉਂਦੀਆਂ ਹਨ ਕਿ ਲੋਕਾਈ ਦੇ ਅੰਦਰੋਂ ਕਰੁਣਾ ਅਤੇ ਵੇਲੇ-ਕੁਵੇਲੇ ਸਹਿਯੋਗ ਦੀ ਭਾਵਨਾ ਕਿੱਥੇ ਲੁਪਤ ਹੋ ਗਈਆਂ ਹਨ? ਕੇਵਲ ਵੀਡੀਓ ਨੂੰ ਮਿਲੇ ਵਿਯੂਜ਼ ਅਤੇ ਸਬਸਕ੍ਰਾਈਬਰ ਹੀ ਮਾਨਸਿਕ ਸੰਤੁਸ਼ਟੀ ਦਾ ਇੱਕੋ-ਇੱਕ ਜ਼ਰੀਆ ਰਹਿ ਗਏ ਹਨ।

ਜੱਦ ਕਿ ਇਸੇ ਸਾਂਝੀ ਚੇਤਨਾ ਵਿੱਚ ਉਸਦੀ ਹਰ ਸਮੱਸਿਆ ਦਾ ਹੱਲ ਵੀ ਪਿਆ ਹੈ। ਪਰਿਵਾਰਕ ਸੰਰਚਨਾ ਵਿੱਚੋਂ ਸਦਭਾਵਨਾ, ਸਬਰ, ਸੰਤੋਖ, ਮਿਲਵਰਤਣ ਅਤੇ ਹੋਰ ਗੁਣਾਂ ਨੂੰ ਸਹਿਜੇ ਹੀ ਸਿੱਖਿਆ ਅਤੇ ਸਿਖਾਇਆ ਜਾ ਸਕਦਾ ਸੀ। ਪਰ ਅੱਜ ਛੋਟੇ ਪਰਿਵਾਰ ਹੋਣ ਕਾਰਣ ਬੱਚਿਆਂ ਵਿੱਚ ਪਰਿਵਾਰਕ ਰਿਸ਼ਤਿਆਂ ਅਤੇ ਉਸ ਵਿਚਲੀਆਂ ਪਰਤਾਂ ਦੀ ਕੋਈ ਸਮਝ ਨਹੀਂ ਬਣਦੀ। ਉਹ ਸਾਰਿਆਂ ਨਾਲ ਰਲ ਕੇ ਰਹਿਣ ਵਾਲੇ ਗੁਣਾਂ ਬਾਰੇ ਅਬੋਧ ਹੀ ਰਹਿੰਦੇ ਹਨ। ਇਸ ਤੋਂ ਇਲਾਵਾ ਅਜੋਕੀ ਆਧੁਨਿਕ ਸਮਾਜਕ ਵਿਵਸਥਾ ਬੱਚਿਆਂ ਅਤੇ ਨੌਜਵਾਨਾਂ ਨੂੰ ਕੇਵਲ ਉਪਭੋਗਤਾ ਅਤੇ ਪਦਾਰਥਕ ਹੁਨਰ ਦੀ ਪ੍ਰਾਪਤੀ ਵੱਲ ਧਕੇਲ ਰਹੀਆਂ ਹਨ ਜਿਸ ਕਾਰਣ ਇੱਕ ਖ਼ਾਸ ਕਿਸਮ ਦੀ ਖ਼ਪਤਕਾਰੀ ਦ੍ਰਿਸ਼ਟੀ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੋਇਆ ਦਿਖ ਰਿਹਾ ਹੈ।

ਵਿਚਾਰ ਕਰਨ 'ਤੇ ਇਹ ਸਪਸ਼ਟ ਹੁੰਦਾ ਹੈ ਕਿ ਇਹਨਾਂ ਗੁਣਾਂ ਦੀ ਸਿੱਖਿਆ ਵਾਲੀਆਂ ਦੋ ਥੰਮ੍ਹ ਸੰਸਥਾਵਾਂ (ਘਰ ਅਤੇ ਵਿਦਿਆਲਯ) ਇਹਨਾਂ ਨੈਤਿਕ ਮੁੱਲਾਂ ਨੂੰ ਆਪ ਹੀ ਗਵਾ ਬੈਠੀਆਂ ਹਨ। ਅੱਜ ਦੇ ਸਮਾਜ ਵਿੱਚ ਹਰੇਕ ਜੀਵ ਚਿੰਤਾਗ੍ਰਸਤ, ਉਦਾਸੀਨ, ਨਮੋਸ਼ੀ ਦਾ ਸ਼ਿਕਾਰ ਹੈ। ਇਸ ਸਥਿਤੀ ਦਾ ਪ੍ਰਗਟਾਵਾ ਗੁਰਬਾਣੀ ਵਿੱਚ ਗੁਰੂ ਅਰਜਨ ਦੇਵ ਜੀ ਕਰਦੇ ਹਨ -

> *ਜੋ ਜੋ ਦੀਸੈ ਸੋ ਸੋ ਰੋਗੀ॥*
> *ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥* [2]

ਇਸਦਾ ਕਾਰਣ ਵਿਅਕਤੀਗਤ ਪੱਧਰ ਉੱਤੇ ਸਦਭਾਵਨਾ, ਭਾਈਚਾਰਾ ਅਤੇ ਸਾਂਝੀਵਾਲਤਾ ਛੱਡ ਕੇ ਅਪਣਾਈ ਗਈ ਸਵੈ-ਕੇਂਦਰਿਤ ਸੋਚ ਹੀ ਹੈ।

ਸਮਾਜ ਵਿੱਚ ਸਦਭਾਵਨਾ ਘੱਟ ਜਾਣ ਕਰਕੇ ਆਪਸੀ ਵੈਰ-ਵਿਰੋਧ ਅਤੇ ਲੜਾਈ ਝਗੜੇ ਵੱਧ ਰਹੇ ਹਨ। ਸੋਸ਼ਲ ਮੀਡੀਆ ਦੁਆਰਾ ਫੈਲਾਈ ਜਾ ਰਹੀ ਵਿਚਾਰਧਾਰਕ ਅਸਹਿਨਸ਼ੀਲਤਾ ਸਮਾਜ ਵਿੱਚ ਵੱਖ-ਵੱਖ ਮਤਾਂ ਦਾ ਟਕਰਾਓ ਪੈਦਾ ਕਰ ਰਹੀਆਂ ਹਨ। ਇਸਦੇ ਕਾਰਣ ਲੋਕਾਂ ਵਿਚਕਾਰ ਅਵਿਸ਼ਵਾਸ ਅਤੇ ਨਫ਼ਰਤ ਵਧ ਰਿਹਾ ਹੈ ਜਿਸਦੇ ਫਲਸਰੂਪ ਸਮਾਜਕ ਭਾਈਚਾਰਾ ਵੀ ਹੌਲੀ-ਹੌਲੀ ਖ਼ਤਮ ਹੁੰਦਾ ਜਾ ਰਿਹਾ ਹੈ। ਸਮਾਜ ਵਿੱਚ ਵਿਚਰਦਿਆਂ ਮਨੁੱਖ ਕਈ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਨੂੰ ਸੁਣਦਾ, ਵੇਖਦਾ ਅਤੇ ਪਰਖਦਾ ਹੈ ਤੇ ਇਸਨੂੰ ਅਪਣਾਉਣਾ ਅਤੇ ਨਾ ਅਪਣਾਉਣਾ ਉਸ ਦੁਆਰਾ ਹੀ ਨਿਰਧਾਰਤ ਕੀਤਾ ਜਾਂਦਾ ਹੈ। ਇਸਦੇ ਤਹਿਤ ਇਹ ਵਾਚਨਾ ਵੀ ਜ਼ਰੂਰੀ ਹੈ ਕਿ ਉਹ ਕਿਸੇ ਤਰ੍ਹਾਂ ਦੇ ਪੱਖਪਾਤ, ਫ਼ਿਰਕਾਪ੍ਰਸਤੀ ਅਤੇ ਅਨਿਆਂਮੂਲਕ ਵਿਹਾਰ ਦਾ ਸਮਰਥਨ ਨਾ ਕਰੇ। ਉਸ ਦੁਆਰਾ ਧਾਰਮਿਕ ਜਾਂ ਜਾਤੀਗਤ ਕੱਟੜਤਾ ਤੋਂ ਉੱਪਰ ਉੱਠ ਕੇ ਹਰੇਕ ਦੇ ਵਿਚਾਰ ਪ੍ਰਤੀ ਸਹਿਨਸ਼ੀਲਤਾ ਦਾ ਭਾਵ ਰੱਖਣਾ ਚਾਹੀਦਾ ਹੈ ਅਤੇ ਭਿੰਨਤਾ ਵਿੱਚ ਅਨੇਕਤਾ ਨੂੰ ਤਰਜੀਹ ਦੇਣੀ ਚਾਹੀਦੀ ਹੈ। ਆਪਣੇ ਤੋਂ ਇਲਾਵਾ ਦੂਸਰੇ ਦੇ ਵਿਚਾਰਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਉਸਨੂੰ ਆਪਣੇ ਚਿੱਤ ਵਿੱਚ ਇੱਕ ਪਰਮ-ਸੱਤ ਦੀ ਹੋਂਦ ਨੂੰ ਯਾਦ ਰੱਖਣਾ ਚਾਹੀਦਾ ਹੈ। ਇਹ ਵੀ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਸੱਤ ਇਕ ਹੀ ਹੈ ਪਰ ਉਸ ਨੂੰ ਜਾਨਣ ਅਤੇ ਅਨੁਭਵ ਕਰਨ ਦੇ ਰਾਹ ਵੱਖਰੇ ਹੋ ਸਕਦੇ ਹਨ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ-

*ਆਪੁ ਆਪੁਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥* [3]

ਪਰ ਅਜੋਕੇ ਸਮੇਂ ਅਜਿਹੀ ਵਿਚਾਰਧਾਰਾ ਅਤੇ ਕਥਨ ਕੇਵਲ ਆਦਰਸ਼ਕ ਪ੍ਰਵਚਨ ਤੱਕ ਸੀਮਤ ਰੱਖੇ ਜਾਣ ਕਾਰਣ ਵਿਅਕਤੀਗਤ ਅਤੇ ਸਮਾਜਕ ਵਿਵਹਾਰਕਤਾ ਤੋਂ ਅਲੋਪ ਹੋ ਗਏ ਹਨ। ਇਸਨੂੰ ਕੇਵਲ ਟੀਵੀ, ਰੇਡੀਓ, ਰੀਲਾਂ ਜਾਂ ੧੦-੨੦ ਸੈਕਿੰਟ ਦੇ ਯੂਟਿਊਬ ਸ਼ਾਰਟਜ਼ ਵਿੱਚ ਹੀ ਸੁਣਨਾ ਉਚਿਤ ਸਮਝਿਆ ਜਾਂਦਾ ਹੈ। ਪਰ ਇਸਦਾ ਭਾਵ ਇਹ ਵੀ ਨਹੀਂ ਕਿ ਇਹਨਾਂ ਦੀ ਮਨੁੱਖ ਨੂੰ ਲੋੜ ਨਹੀਂ ਹੈ। ਕਿਉਂਜੋ ਅਜਿਹੀ ਆਦਰਸ਼ਮੂਲਕ ਜੀਵਨ-ਦ੍ਰਿਸ਼ਟੀ ਨੂੰ ਮਨੁੱਖ ਨੇ ਆਪਣੇ ਜੀਵਨ ਵਿੱਚੋਂ ਕੱਢ ਦਿੱਤਾ ਹੈ ਤਾਂ ਹੀ ਇਸ ਵੇਲੇ ਸਮਾਜ ਦੀ ਦੁਰਗਤੀ ਦੀ ਅਸਲੀਅਤ ਸਾਡੇ ਸਾਰਿਆਂ ਸਾਹਮਣੇ ਹੀ ਹੈ। ਇਸ ਦਸ਼ਾ ਦੀ ਦਿਸ਼ਾ ਇਸੇ ਆਦਰਸ਼ ਨੂੰ ਜੀਵਨ ਦਾ ਭਾਗ ਬਣਾਉਣ ਵੱਲ ਲੈ ਕੇ ਜਾਂਦੀ ਹੈ।

**ਸਦਭਾਵਨਾ ਅਤੇ ਭਾਈਚਾਰੇ ਦੀ ਲੋੜ੍ਹ-**

ਸਦਭਾਵਨਾ ਅਤੇ ਭਾਈਚਾਰਾ ਮਨੁੱਖ ਅਤੇ ਸਮਾਜ ਲਈ ਦੋ-ਪਾਸੜ੍ਹ ਪ੍ਰਭਾਵ ਰੱਖਦੇ ਹਨ। ਇਹ ਦੋਵੇਂ ਗੁਣ ਮਨੁੱਖੀ ਜੀਵਨ ਅਤੇ ਉਸ ਦੁਆਰਾ ਸਿਰਜੇ ਸਮਾਜਕ ਕਾਰ-ਵਿਹਾਰ ਨੂੰ ਮੁੱਲਵਾਨ ਬਣਾਉਂਦੇ ਹਨ। ਜੇ ਮਨੁੱਖ ਸਵੈ ਲਈ ਸਮਾਜਕ ਸਾਂਝ, ਮਿਲਵਰਤਣ ਅਤੇ ਆਪਸੀ ਸਹਿਯੋਗ ਦੇ ਉਦੇਸ਼ ਨਹੀਂ ਸਿਰਜਦਾ ਤਾਂ ਇੱਕ ਸਮੇਂ ਉਪਰੰਤ ਇਹ ਜੀਵਨ ਉਸਨੂੰ ਅਰਥਹੀਨ ਪ੍ਰਤੀਤ ਹੁੰਦਾ ਹੈ। ਜੀਵਨ ਦਾ ਮੁੱਲ ਸਮਾਜ ਵਿੱਚ ਪਾਏ ਯੋਗਦਾਨ ਨਾਲ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਇਹ ਸਮਾਜਿਕ ਸ਼ਾਂਤੀ ਲਈ ਹਵਾ ਅਤੇ ਪਾਣੀ ਵਾਂਗ ਜ਼ਰੂਰੀ ਹਨ। ਜਿਸ ਸਮਾਜ ਵਿੱਚ ਇਹ ਗੁਣ ਮੌਜੂਦ ਨਹੀਂ ਹੁੰਦੇ, ਉਹ ਸਮਾਜ ਅੰਦਰੂਨੀ ਕਲੇਸ਼, ਲੜਾਈ-ਝਗੜਿਆਂ ਅਤੇ ਵਿਤਕਰਿਆਂ ਵਿੱਚ ਫਸ ਕੇ ਰਹਿ ਜਾਂਦਾ ਹੈ। ਅਜਿਹਾ ਸਮਾਜ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਇਸ ਦੇ ਉਲਟ, ਜਿੱਥੇ ਲੋਕਾਂ ਵਿੱਚ ਸਦਭਾਵਨਾ ਅਤੇ ਭਾਈਚਾਰਕ ਸਾਂਝ ਹੁੰਦੀ ਹੈ, ਉੱਥੇ ਏਕਤਾ ਅਤੇ ਮੇਲ-ਜੋਲ ਦਾ ਮਾਹੌਲ ਹੁੰਦਾ ਹੈ। ਅਜਿਹੇ ਮਾਹੌਲ ਵਿੱਚ ਹੀ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਵਿਕਾਸ ਸੰਭਵ ਹੁੰਦਾ ਹੈ। ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਵਾਲੇ ਦੇਸ਼ਾਂ ਵਿੱਚ ਤਾਂ ਇਨ੍ਹਾਂ ਗੁਣਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਇਹੀ ਉਹ ਧਾਗਾ ਹੈ ਜੋ ਵੰਨ-ਸੁਵੰਨਤਾ ਦੇ ਮੋਤੀਆਂ ਨੂੰ ਇੱਕ ਮਾਲਾ ਵਿੱਚ ਪਰੋ ਕੇ ਰੱਖਦਾ ਹੈ।

ਸਦਭਾਵਨਾ ਮਨੁੱਖ ਦੇ ਵਿਅਕਤੀਗਤ ਪੱਧਰ ਉੱਤੇ ਪੈਦਾ ਹੋਣ ਵਾਲੀ ਅਜਿਹੀ ਭਾਵਨਾ ਹੈ ਜੋ ਕਿ 'ਸਤ-ਭਾਵ' ਯਾਨੀ ਕਿ ਸੁੱਚੀ ਅਤੇ ਸਦਾ ਥਿਰ ਰਹਿੰਦੀ ਹੈ। ਇਹ ਸੱਚੇ-ਸੁੱਚੇ ਵਿਚਾਰਾਂ 'ਚੋਂ ਉਪਜੀ ਹਰੇਕ ਲਈ ਅਪਣੱਤ ਦਾ ਭਾਵ ਸਿਰਜਦੀ ਹੈ। ਜਦੋਂ ਕਿਸੇ ਵਿਅਕਤੀ ਦੇ ਮਨ ਵਿੱਚ ਦੂਜਿਆਂ ਪ੍ਰਤੀ ਸਦਭਾਵਨਾ ਹੁੰਦੀ ਹੈ, ਤਾਂ ਉਸਦੇ ਮਨ ਵਿੱਚੋਂ ਈਰਖਾ, ਦਵੇਸ਼, ਨਫ਼ਰਤ ਅਤੇ ਗੁੱਸੇ ਵਰਗੀਆਂ ਨਕਾਰਾਤਮਕ ਭਾਵਨਾਵਾਂ ਖ਼ਤਮ ਹੋ ਜਾਂਦੀਆਂ ਹਨ। ਉਹ ਦੂਜਿਆਂ ਦੇ ਦੁੱਖ ਵਿੱਚ ਦੁਖੀ ਅਤੇ ਸੁੱਖ ਵਿੱਚ ਸੁਖੀ ਹੁੰਦਾ ਹੈ। ਸਦਭਾਵਨਾ ਸਾਨੂੰ ਦੂਜਿਆਂ ਦੇ ਧਰਮ, ਜਾਤ ਅਤੇ ਵਿਚਾਰਾਂ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ, ਭਾਵੇਂ ਅਸੀਂ ਉਨ੍ਹਾਂ ਨਾਲ ਸਹਿਮਤ ਹੋਈਏ ਕਿ ਨਾ। ਇਹ ਇੱਕ ਅਜਿਹੀ ਅੰਦਰੂਨੀ ਜੋਤ ਹੈ ਜੋ ਸਾਨੂੰ ਸਹੀ ਅਤੇ ਗਲਤ ਵਿੱਚ ਫ਼ਰਕ ਕਰਨ ਦੀ ਸਮਰੱਥਾ ਦਿੰਦੀ ਹੈ।

ਜਦੋਂ ਵਿਅਕਤੀਗਤ ਪੱਧਰ 'ਤੇ ਪੈਦਾ ਹੋਈ ਸਦਭਾਵਨਾ ਸਮੂਹਿਕ ਰੂਪ ਧਾਰਨ ਕਰਦੀ ਹੈ, ਤਾਂ ਉਹ ਭਾਈਚਾਰਕ ਸਾਂਝ ਨੂੰ ਜਨਮ ਦਿੰਦੀ ਹੈ। ਭਾਈਚਾਰਾ ਸਿਰਫ਼ ਇਕੱਠੇ ਰਹਿਣ ਦਾ ਨਾਮ ਨਹੀਂ, ਸਗੋਂ ਇੱਕ-ਦੂਜੇ ਦੇ ਸਹਾਰੇ ਅਤੇ ਸਹਿਯੋਗ ਨਾਲ ਅੱਗੇ ਵਧਣਾ ਹੈ। ਇਹ ਉਹ ਭਾਵਨਾ ਹੈ ਜੋ ਸਾਨੂੰ "ਮੈਂ" ਤੋਂ "ਅਸੀਂ" ਵੱਲ ਲੈ ਕੇ ਜਾਂਦੀ ਹੈ। ਇੱਕ ਮਜ਼ਬੂਤ ਭਾਈਚਾਰੇ ਵਿੱਚ ਲੋਕ ਸਾਂਝੇ ਤੌਰ 'ਤੇ ਖੁਸ਼ੀਆਂ ਮਨਾਉਂਦੇ ਹਨ ਅਤੇ ਮੁਸ਼ਕਿਲਾਂ ਦਾ ਸਾਹਮਣਾ ਵੀ ਇਕੱਠੇ

ਕਰਦੇ ਹਨ। ਇਸ ਨਾਲ ਆਪਸੀ ਵਿਸ਼ਵਾਸ ਵਧਦਾ ਹੈ ਅਤੇ ਸਮਾਜ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ *"ਕਿਰਤ ਕਰੋ, ਨਾਮ ਜਪੋ, ਵੰਡ ਛਕੋ"* ਦਾ ਜੋ ਸੰਦੇਸ਼ ਦਿੱਤਾ ਸੀ, ਉਹ ਭਾਈਚਾਰਕ ਸਾਂਝ ਦੀ ਇੱਕ ਉੱਤਮ ਮਿਸਾਲ ਹੈ, ਜਿੱਥੇ ਸਭ ਮਿਲ ਕੇ ਕਮਾਉਂਦੇ ਹਨ ਅਤੇ ਮਿਲ ਕੇ ਵੰਡ ਕੇ ਛਕਦੇ ਹਨ।

ਮਨੁੱਖ ਆਪਣੇ ਅੰਦਰ ਸਦਭਾਵਨਾ ਦਾ ਵਿਕਾਸ ਤਾਂ ਹੀ ਕਰ ਸਕਦਾ ਹੈ ਜਦੋਂ ਉਸਦੀ ਦ੍ਰਿਸ਼ਟੀ ਵਿੱਚੋਂ ਦੂਸਰ ਭਾਵ ਖ਼ਤਮ ਹੋਏ। ਜਿਸ ਘੜ੍ਹੀ ਉਸਨੂੰ ਸਮੁੱਚੇ ਬ੍ਰਹਿਮੰਡ ਨਾਲ ਇਕਾਤਮਤਾ ਦਾ ਗਿਆਨ ਹੁੰਦਾ ਹੈ ਉਸ ਵੇਲੇ ਹੀ ਉਸਦੇ ਅੰਦਰ ਹਰੇਕ ਲਈ ਪ੍ਰੇਮ-ਪਿਆਰ ਦਾ ਬੀਜ ਅੰਕੁਰਿਤ ਹੁੰਦਾ ਹੈ। ਇਸ ਸੰਦਰਭ ਵਿੱਚ ਗੁਰਬਾਣੀ ਵਿੱਚੋਂ ਫੁਰਮਾਨ ਹੈ-

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥* [4]

ਇਹ ਭਾਵ ਹੀ ਉਸਨੂੰ ਕਰੁਣਾਮਈ ਹੋ ਕੇ ਦੂਜੇ ਦੀ ਪੀੜ੍ਹਾ ਨੂੰ ਦੂਰ ਕਰਨ ਲਈ ਕਰਮ ਕਰਨ ਵੱਲ ਪ੍ਰੇਰਿਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ -

*ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥*
*ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ॥* [5]

ਸਮੁੱਚੇ ਬ੍ਰਹਿਮੰਡ ਦੇ ਇੱਕੋ ਧੁਰੇ ਦਾ ਗਿਆਨ ਉਸ ਅੰਦਰ ਹਰੇਕ ਲਈ ਚੰਗੇ ਵਿਚਾਰਾਂ ਦਾ ਪ੍ਰਵਾਹ ਚਲਾਉਂਦਾ ਹੈ ਅਤੇ ਉਸ ਦੁਆਰਾ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ। ਇਸ ਸੰਦਰਭ ਵਿੱਚ ਭਗਤ ਕਬੀਰ ਜੀ ਦਾ ਬਚਨ ਹੈ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥* [6]

ਮਨੁੱਖੀ ਜੀਵਨ ਦੀ ਥੁੜ੍ਹਚਿਰਤਾ ਦੀ ਚੇਤਨਾ ਉਸਨੂੰ ਭਾਣੇ ਅਤੇ ਹੁਕਮ ਵਿੱਚ ਰਹਿਣ ਦੀ ਜਾਚ ਸਿਖਾਉਂਦੀ ਹੈ। ਹੁਕਮ ਵਿੱਚ ਰਹਿਣ ਦੀ ਸਿੱਖਿਆ ਨੂੰ ਕਰਮਬੱਧ ਕਰਨ ਨਾਲ ਆਪਸੀ ਪ੍ਰਤੀਯੋਗਤਾ ਅਤੇ ਬਿਹਤਰ ਹੋਣ ਦੇ ਭਾਵ ਨੂੰ ਨਜਿੱਠਿਆ ਜਾ ਸਕਦਾ ਹੈ। ਇਸ ਸੰਦਰਭ ਵਿੱਚ ਗੁਰਬਾਣੀ ਵਿੱਚੋਂ ਤੁਕ ਹੈ -

*ਮਨਸਾ ਪੂਰਨ ਸਰਨਾ ਜੋਗ॥*
*ਜੋ ਕਰਿ ਪਾਇਆ ਸੋਈ ਹੋਗੁ॥*
*ਹਰਨ ਭਰਨ ਜਾ ਕਾ ਨੇਤ੍ਰ ਫੋਰੁ॥*
*ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥* [7]

ਅਸਲ ਵਿੱਚ ਸਦਭਾਵਨਾ ਦਾ ਗੁਣ ਪੈਦਾ ਕਰਨ ਲਈ ਮਨੁੱਖ ਨੂੰ ਆਪਣੀ ਨਸ਼ਵਰ ਹੋਂਦ ਦੀ ਅਨੁਭੂਤੀ ਕਰਦਿਆਂ ਸਵੈ-ਵਿਚਾਰ, ਸਵੈ-ਭਾਵ ਅਤੇ ਸਵੈ-ਲੋੜ੍ਹ ਨੂੰ ਸਪਸ਼ਟਤਾ ਨਾਲ ਨਿਰਧਾਰਤ ਕਰਨ ਵੱਲ ਜਤਨ ਕਰਨ ਦੀ ਲੋੜ੍ਹ ਹੈ। ਜਿੱਥੇ ਸੰਕੀਰਣ ਅਤੇ ਸਵੈ-ਕੇਂਦਰਿਤ ਸੋਚ ਮੌਜੂਦ ਰਹਿੰਦੀ ਹੈ ਉੱਥੇ ਸਦਭਾਵਨਾ ਅਤੇ ਭਾਈਚਾਰੇ ਦੇ ਗੁਣਾਂ ਦਾ ਪੈਦਾ ਹੋਣਾ ਸੰਭਵ ਨਹੀਂ ਰਹਿੰਦਾ।

ਇਸੇ ਤਰ੍ਹਾਂ ਸਦਭਾਵਨਾ ਨਾਲ ਉਹ ਭਾਈਚਾਰਕ ਸਾਂਝ ਨੂੰ ਕਾਇਮ ਰੱਖ ਸਕਦਾ ਹੈ। ਸੰਸਾਰ ਵੰਨ-ਸੁਵੰਨਤਾਵਾਂ ਨਾਲ ਭਰਿਆ ਪਿਆ ਹੈ, ਹਰ ਵਸਤੂ, ਜੀਵ ਦੀ ਆਪਣੀ ਖ਼ੂਬਸੂਰਤੀ ਹੈ ਪਰ ਹਰ ਇਕ ਦੀ ਹੋਂਦ ਪਿੱਛੇ ਇਕ ਪਰਮ-ਸੱਤ ਹੀ ਕਾਰਜਸ਼ੀਲ ਹੁੰਦਾ ਹੈ। ਉਸੇ ਪਰਮ-ਸੱਤ ਨੂੰ ਧਿਆਨ ਵਿਚ ਰਖਕੇ ਸਾਰੇ ਸਮਾਜ ਨੂੰ ਇਕ-ਸਮਾਨ ਵੇਖਣਾ ਹੀ ਸਦਭਾਵਨਾ ਹੈ। ਇਹੋ ਦ੍ਰਿਸ਼ਟੀ ਭਾਈਚਾਰੇ ਦੀ ਬੁਨਿਆਦ ਵੀ ਹੈ।

ਪੋਹ ਫੁੱਟਦਿਆਂ ਤੋਂ ਤ੍ਰਿਕਾਲਾਂ ਤੱਕ ਸਮੁੱਚੀ ਪ੍ਰਕਿਰਤੀ ਸੁਮੇਲਤਾ, ਸਦਭਾਵਨਾ ਅਤੇ ਏਕਤਾ ਦਾ ਦ੍ਰਿਸ਼ ਪੇਸ਼ ਕਰਦੀ ਹੈ। ਰੁੱਖਾਂ ਉੱਤੇ ਪੰਛੀਆਂ ਤੇ ਹੋਰ ਜੀਵਾਂ ਦਾ ਵਸੇਬਾ, ਫੁੱਲਾਂ'ਚੋਂ ਤਿਤਲੀਆਂ ਤੇ ਮੱਖੀਆਂ ਦਾ ਰਸ ਚੂਸਣਾ ਆਦਿ ਜੀਵਨ ਜੀਉਣ ਲਈ ਆਪਸੀ ਨਿਰਭਰਤਾ ਅਤੇ ਲੈਣ-ਦੇਣ ਦੀ ਪ੍ਰਕਿਰਿਆ ਨੂੰ ਦਰਸਾਉਂਦੇ ਹਨ। ਇਸ ਤੋਂ ਮਨੁੱਖਾਂ ਨੂੰ ਸੇਧ ਲੈਣੀ ਚਾਹੀਦੀ ਹੈ ਕਿ ਅਜਿਹੇ ਗੁਣ ਪ੍ਰਕਿਰਤੀ ਦੇ ਵਿਧਾਨ ਵਿੱਚ ਹੀ ਮੌਜੂਦ ਹਨ, ਜਿਸ ਨੇ ਪ੍ਰਕਿਰਤੀ ਨੂੰ ਸੰਤੁਲਨ ਪ੍ਰਦਾਨ ਕੀਤਾ ਹੋਇਆ ਹੈ। ਸਮਾਜ ਵਿੱਚ ਵੀ ਸੰਤੁਲਨ ਬਣਾਈ ਰੱਖਣ ਲਈ ਸਾਰੇ ਮਨੁੱਖਾਂ ਦੀ ਇਹ ਮੌਲਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਵਿਵਹਾਰ ਵਿੱਚ ਅਪਣਾਉਣ ਅਤੇ ਪ੍ਰਕਿਰਤੀ ਅਨੁਸਾਰੀ ਜੀਵਨ ਬਤੀਤ ਕਰਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਦਭਾਵਨਾ ਉਹ ਬੀਜ ਹੈ ਜਿਸ ਤੋਂ ਭਾਈਚਾਰੇ ਦਾ ਰੁੱਖ ਪੈਦਾ ਹੁੰਦਾ ਹੈ ਅਤੇ ਇਸ ਰੁੱਖ ਦੇ ਫਲ ਹੀ ਸਮਾਜਿਕ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਹਨ।

ਅੱਜ ਦੇ ਪਦਾਰਥਵਾਦੀ ਅਤੇ ਤੇਜ਼ ਰਫ਼ਤਾਰ ਯੁੱਗ ਵਿੱਚ ਇਨ੍ਹਾਂ ਗੁਣਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਅਤੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਾਡਾ ਸਭ ਦਾ ਨੈਤਿਕ ਫ਼ਰਜ਼ ਹੈ ਤਾਂ ਜੋ ਇੱਕ ਬਿਹਤਰ ਅਤੇ ਸ਼ਾਂਤੀਪੂਰਨ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਜਿਹੜੇ ਗੁਣ ਪ੍ਰਾਚੀਨ ਕਾਲ ਤੋਂ ਮਨੁੱਖ ਦੀ ਸੰਸਕ੍ਰਿਤਕ ਅਤੇ ਸਮਾਜਕ ਪ੍ਰਗਤੀ ਦਾ ਭਾਗ ਰਹੇ ਹਨ, ਸਮਕਾਲੀ ਜੀਵਨ-ਜਾਂਚ ਮਨੁੱਖ ਨੂੰ ਉਹਨਾਂ ਤੋਂ ਹੀ ਤੋੜਦੀ ਨਜ਼ਰ ਆਉਂਦੀ ਹੈ ਜਿਸਦੇ ਨਕਾਰਾਤਮਕ ਪ੍ਰਭਾਵ ਅਜੋਕੇ ਸਮਾਜ ਦੀ ਹੋਣੀ ਨੂੰ ਦਰਸਾਉਂਦੇ ਹਨ। ਵੀਹਵੀਂ

ਸਦੀ ਤੋਂ ਇੱਕੀਵੀਂ ਸਦੀ ਦਾ ਰੂਪਾਂਤਰਣ ਕਾਲ ਵਿਸ਼ੇਸ਼ ਰੂਪ ਵਿੱਚ ਯੁਵਾ ਪੀੜ੍ਹੀ ਲਈ ਇਹਨਾਂ ਗੁਣਾਂ ਦੀ ਲੋੜ੍ਹ ਨੂੰ ਦਰਸਾਉਂਦਾ ਹੈ ਕਿਉਂਕਿ ਯੁਵਾ ਪੀੜ੍ਹੀ ਹੀ ਇਹਨਾਂ ਤੋਂ ਵਾਂਝੀ ਹੈ ਅਤੇ ਇਸਦੇ ਪ੍ਰਭਾਵ ਨੂੰ ਭੋਗ ਰਹੀ ਹੈ। ਇਸੇ ਯੁਵਾ ਪੀੜ੍ਹੀ ਨੇ ਸਮਾਜਕ ਜੀਵਨ ਦੀ ਕੜ੍ਹੀ ਨੂੰ ਅੱਗੇ ਤੋਰਨਾ ਹੈ। ਸੋਸ਼ਲ ਮੀਡੀਆ ਦੇ ਪ੍ਰਭਾਵਾਂ ਨੂੰ ਨਜਿੱਠਣ ਲਈ ਜੀਵਨ ਦੇ ਉਦੇਸ਼ ਵਿੱਚ ਪਰਮ ਸੱਤਾ ਦੀ ਸਰਬ-ਵਿਆਪਕਤਾ, ਸਰਬ-ਸਾਂਝੀਵਾਲਤਾ ਅਤੇ ਭਾਈਚਾਰਕ ਚੇਤਨਾ ਨੂੰ ਪੈਦਾ ਕਰਨਾ ਸਮੇਂ ਦੀ ਲੋੜ੍ਹ ਵਜੋਂ ਸਾਹਮਣੇ ਆਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੋਫੈਸਰ ਰਵਿੰਦਰ ਸਿੰਘ, ਯਥਾਰਥ, ਅਤਿ ਯਥਾਰਥ ਅਤੇ ਕਲਪਿਤ ਯਥਾਰਥ, ਸੰਵਾਦ, ISSN 2395-1273, ਜੁਲਾਈ-ਦਸੰਬਰ ੨੦੧੯
2. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ: ੧੧੪੧
3. ਕਬਯੋ ਬਾਚ ਬੇਨਤੀ, ਦਸਮ ਗ੍ਰੰਥ, ਚਰਿਤ੍ਰ ੪੦੪ – ੩੯੩, ਸ੍ਰੀ ਦਸਮ ਗ੍ਰੰਥ ਸਾਹਿਬ
4. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ: ੧੨੯੯
5. -ਉਹੀ-, ਅੰਗ: ੧੩੫੮
6. -ਉਹੀ-, ਅੰਗ: ੧੩੪੯
7. -ਉਹੀ-, ਅੰਗ: ੨੮੪



### *Cite this Article-*

ਡਾ. ਨਵਨੀਤ ਕੌਰ (Navneet Kaur), ਸੋਸ਼ਲ ਮੀਡੀਆ ਅਤੇ ਸਵੈ-ਕੇਂਦਰਿਤ ਬਿਰਤੀ: ਦਸ਼ਾ ਅਤੇ ਦਿਸ਼ਾ (SOCIAL MEDIA ATE SVAI-KENDRIT BIRTI: DASHA TE DISHA), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 161-165.*

***Journal URL:*** www.armaan.org.in

***DOI:*** *https://doi.org/10.64119/armaan.vol.3.issue3.25*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*